**ਨਵਜੰਮੇ ਬੱਚਿਆਂ ਦੀ ਜਾਂਚ**
ਤੁਹਾਡੇ ਬੱਚੇ ਦੀ ਮੁਫ਼ਤ ਸਿਹਤ ਜਾਂਚ

# ਨਵਜੰਮੇ ਬੱਚਿਆਂ ਦੀ ਜਾਂਚ



## ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ

ਸਾਰੇ ਬੱਚਿਆਂ ਦੀ ਜਨਮ ਸਮੇਂ ਜਾਂਚ ਕੀਤੀ ਜਾਂਦੀ ਹੈ ਕਿ ਸਭ ਠੀਕ ਹੈ। ਤੁਹਾਡੇ ਬੱਚੇ ਦੀਆਂ ਕੁਝ ਸਿਹਤ ਜਾਂਚਾਂ ਨੂੰ 'ਸਕ੍ਰੀਨਿੰਗ' ਕਿਹਾ ਜਾਂਦਾ ਹੈ।



## ਨਵਜੰਮੇ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ – ਮੇਰੇ ਬੱਚੇ ਨੂੰ ਇਸਦੀ ਲੋੜ ਕਿਉਂ ਹੈ?

ਤੁਹਾਨੂੰ ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਦੀ ਪੇਸ਼ਕਸ਼ ਕੀਤੀ ਜਾਵੇਗੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਤੁਹਾਡਾ ਬੱਚਾ ਚੰਗੀ ਤਰ੍ਹਾਂ ਸੁਣ ਸਕਦਾ ਹੈ ਜਾਂ ਨਹੀਂ। ਇਹ ਜਾਂਚ ਦਰਮਿਆਨੀ ਤੋਂ ਗੰਭੀਰ ਸੁਣਨ ਸ਼ਕਤੀ ਦੇ ਨੁਕਸਾਨ ਨੂੰ ਚੁੱਕਣ ਲਈ ਤਿਆਰ ਕੀਤੀ ਗਈ ਹੈ। ਇਹ ਲਾਜ਼ਮੀ ਨਹੀਂ ਕਿ ਇਹ ਸੁਣਨ ਦੀ ਹਲਕੀ ਕਮੀ ਨੂੰ ਪਛਾਣ ਸਕੇ। ਜੇਕਰ ਬੱਚੇ ਸੁਣ ਨਹੀਂ ਸਕਦੇ, ਤਾਂ ਉਹਨਾਂ ਲਈ ਤੁਹਾਨੂੰ ਸਮਝਣਾ ਅਤੇ ਤੁਹਾਡੇ ਨਾਲ ਗੱਲਬਾਤ ਕਰਨਾ ਮੁਸ਼ਕਲ ਹੁੰਦਾ ਹੈ। ਜੇਕਰ ਤੁਹਾਡੇ ਬੱਚੇ ਨੂੰ ਸੁਣਨ ਸ਼ਕਤੀ ਦੀ ਕਮੀ ਹੈ, ਤਾਂ ਇਸਨੂੰ ਜਲਦੀ ਪਤਾ ਲਗਾਉਣਾ ਉਸਦੀ ਭਾਸ਼ਾ, ਸਿੱਖਣ ਅਤੇ ਸਮਾਜਿਕ ਵਿਕਾਸ ਲਈ ਚੰਗਾ ਹੈ।

## ਨਵਜੰਮੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਕੀ ਹੁੰਦੀ ਹੈ?

ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕਰਨ ਲਈ, ਤੁਹਾਡੇ ਬੱਚੇ ਦੇ ਕੰਨ ਉੱਤੇ ਇੱਕ ਈਅਰ ਕੁਸ਼ਨ (ear cushion) ਰੱਖਿਆ ਜਾਵੇਗਾ ਅਤੇ ਹਲਕੀ ਕਲਿੱਕ ਕਰਨ ਦੀਆਂ ਆਵਾਜ਼ਾਂ ਸੁਣਾਈਆਂ ਜਾਣਗੀਆਂ। ਤੁਹਾਡੇ ਬੱਚੇ ਦੇ ਸਿਰ 'ਤੇ ਖਾਸ ਸੈਂਸਰ ਲਗਾਏ ਜਾਂਦੇ ਹਨ, ਅਤੇ ਬੱਚੇ ਦੀ ਸੁਣਨ ਵਾਲੀ ਨਾੜੀ (ਹੀਅਰਿੰਗ ਨਰਵ) ਤੋਂ ਆਉਣ ਵਾਲੀ ਪ੍ਰਤੀਕ੍ਰਿਆ ਨੂੰ ਇਹ ਸੈਂਸਰ ਦਰਜ ਕਰ ਲੈਂਦੇ ਹਨ। ਇਸਨੂੰ ਆਟੋਮੇਟਿਡ ਆਡੀਟਰੀ ਬ੍ਰੇਨਸਟੈਮ ਰਿਸਪਾਂਸ ਜਾਂ aABR ਜਾਂਚ ਕਿਹਾ ਜਾਂਦਾ ਹੈ।



## ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਕਦੋਂ ਅਤੇ ਕਿੱਥੇ ਕੀਤੀ ਜਾਵੇਗੀ ?

ਜਾਂਚ ਆਮ ਤੌਰ 'ਤੇ ਤੁਹਾਡੇ ਅਤੇ ਤੁਹਾਡੇ ਬੱਚੇ ਦੇ ਹਸਪਤਾਲ ਤੋਂ ਘਰ ਜਾਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਜੇਕਰ ਤੁਹਾਡੇ ਬੱਚੇ ਦਾ ਜਨਮ ਹਸਪਤਾਲ ਵਿੱਚ ਨਹੀਂ ਹੋਇਆ ਹੈ ਜਾਂ ਤੁਹਾਡੇ ਘਰ ਜਾਣ ਤੋਂ ਪਹਿਲਾਂ ਉਸਦੀ ਜਾਂਚ ਨਹੀਂ ਕੀਤੀ ਗਈ ਹੈ, ਤਾਂ ਨਵਜੰਮੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਤੁਹਾਡੇ ਸਥਾਨਕ ਸਿਹਤ ਕਲੀਨਿਕ ਜਾਂ ਹਸਪਤਾਲ ਦੇ ਬਾਹਰੀ ਮਰੀਜ਼ਾਂ ਦੇ ਕਲੀਨਿਕ ਵਿੱਚ ਕੀਤੀ ਜਾਵੇਗੀ। ਮੁਲਾਕਾਤ ਦੇ ਸਮੇਂ ਤੋਂ ਪਹਿਲਾਂ ਜਾਣਾ ਸਭ ਤੋਂ ਵਧੀਆ ਹੈ ਤਾਂ ਜੋ ਤੁਸੀਂ ਪਹਿਲਾਂ ਹੀ ਆਪਣੇ ਬੱਚੇ ਨੂੰ ਦੁੱਧ ਪਿਲਾ ਕੇ ਅਤੇ ਸੁਲਾ ਕੇ ਸ਼ਾਂਤ ਕਰ ਸਕੋ।



## ਕੀ ਇਹ ਮੇਰੇ ਬੱਚੇ ਨੂੰ ਨੁਕਸਾਨ ਪਹੁੰਚਾਏਗੀ ?

ਨਵਜੰਮੇ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਤੁਹਾਡੇ ਬੱਚੇ ਨੂੰ ਸੱਟ ਜਾਂ ਨੁਕਸਾਨ ਨਹੀਂ ਪਹੁੰਚਾਉਂਦੀ ਅਤੇ ਤੁਸੀਂ ਜਾਂਚ ਦੇ ਦੌਰਾਨ ਉਨ੍ਹਾਂ ਦੇ ਨਾਲ ਹੋ ਸਕਦੇ ਹੋ। ਇਹ ਸਰਲ ਅਤੇ ਸੁਰੱਖਿਅਤ ਹੈ – ਬਹੁਤੇ ਬੱਚੇ ਇਸ ਸਮੇਂ ਦੌਰਾਨ ਆਰਾਮ ਨਾਲ ਸੌਂਦੇ ਰਹਿੰਦੇ ਹਨ। ਇੱਕ ਜਾਂਚ ਵਿੱਚ 15-20 ਮਿੰਟ ਲੱਗ ਸਕਦੇ ਹਨ ਅਤੇ ਇਹ ਸਭ ਤੋਂ ਵਧੀਆ ਉਦੋਂ ਹੁੰਦਾ ਹੈ ਜਦੋਂ ਤੁਹਾਡਾ ਬੱਚਾ ਸ਼ਾਂਤ ਹੁੰਦਾ ਹੈ ਜਾਂ ਸੌਂ ਰਿਹਾ ਹੁੰਦਾ ਹੈ।

## ਨਵਜੰਮੇ ਬੱਚੇ ਦੀ ਸੁਣਨ-ਸ਼ਕਤੀ ਦੀ ਜਾਂਚ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਨੂੰ ਨਤੀਜੇ ਤੁਰੰਤ ਦੱਸ ਦਿੱਤੇ ਜਾਣਗੇ।

ਕੁਝ ਬੱਚਿਆਂ ਨੂੰ ਇੱਕ ਹੋਰ ਜਾਂਚ ਦੀ ਲੋੜ ਹੁੰਦੀ ਹੈ ਕਿਉਂਕਿ ਪਹਿਲਾਂ ਕੀਤੀ ਗਈ ਜਾਂਚ ਵਿੱਚ ਇੱਕ ਜਾਂ ਦੋਵੇਂ ਕੰਨਾਂ ਵਿੱਚ ਕਾਫ਼ੀ ਮਜ਼ਬੂਤ ਪ੍ਰਤੀਕਿਰਿਆ ਨਹੀਂ ਦਿਖਾਈ ਗਈ ਸੀ। ਇਹ ਇਸ ਲਈ ਹੋ ਸਕਦਾ ਹੈ ਕਿਉਂਕਿ:

- ਤੁਹਾਡਾ ਬੱਚਾ ਬੇਚੈਨ ਸੀ
- ਟੈਸਟਿੰਗ ਰੂਮ ਵਿੱਚ ਬਹੁਤ ਜ਼ਿਆਦਾ ਰੌਲਾ ਸੀ
- ਤੁਹਾਡੇ ਬੱਚੇ ਦੇ ਕੰਨ ਦੇ ਮੱਧ ਵਿੱਚ ਤਰਲ ਪਦਾਰਥ ਸੀ
- ਤੁਹਾਡੇ ਬੱਚੇ ਨੂੰ ਸੁਣਨ ਸ਼ਕਤੀ ਦੀ ਘਾਟ ਹੋ ਸਕਦੀ ਹੈ।

ਜੇਕਰ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਨਾਲ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਹਸਪਤਾਲ ਛੱਡਣ ਤੋਂ ਪਹਿਲਾਂ ਜਾਂ ਬਾਹਰੀ ਮਰੀਜ਼ਾਂ ਦੀ ਮੁਲਾਕਾਤ ਵਜੋਂ ਦੁਬਾਰਾ ਜਾਂਚ ਦੀ ਪੇਸ਼ਕਸ਼ ਕੀਤੀ ਜਾਵੇਗੀ।

## ਜੇਕਰ ਦੁਹਰਾਉਣ ਵਾਲੀ ਜਾਂਚ ਸਪੱਸ਼ਟ ਨਤੀਜਾ ਨਹੀਂ ਦਿੰਦੀ ਤਾਂ ਕੀ ਹੋਵੇਗਾ?

ਇਸਦਾ ਮਤਲਬ ਇਹ ਨਹੀਂ ਹੋ ਸਕਦਾ ਕਿ ਤੁਹਾਡੇ ਬੱਚੇ ਨੂੰ ਸੁਣਨ ਸ਼ਕਤੀ ਦੀ ਘਾਟ ਹੈ। ਤੁਹਾਨੂੰ ਇੱਕ ਸੁਣਨ ਸ਼ਕਤੀ ਦੇ ਮਾਹਰ (ਆਡੀਓਲੋਜਿਸਟ) ਕੋਲ ਭੇਜਿਆ ਜਾਵੇਗਾ ਜੋ ਹੋਰ ਟੈਸਟ ਕਰੇਗਾ ਅਤੇ ਹੋਰ ਸਲਾਹ ਦੇਵੇਗਾ।

## ਤੁਹਾਡੇ ਹੱਕ

ਸਿਹਤ ਅਤੇ ਅਪਾਹਜਤਾ ਸੇਵਾਵਾਂ ਖਪਤਕਾਰਾਂ ਦੇ ਅਧਿਕਾਰਾਂ ਦਾ ਕੋਡ ਤੁਹਾਡੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਹੋਰ ਜਾਣਕਾਰੀ ਲਈ www.hdc.org.nz 'ਤੇ ਜਾਓ

ਸਿਹਤ ਜਾਣਕਾਰੀ ਗੋਪਨੀਯਤਾ ਕੋਡ ਤੁਹਾਡੇ ਨਿੱਜੀ ਵੇਰਵਿਆਂ ਦੀ ਰੱਖਿਆ ਕਰਦਾ ਹੈ ਅਤੇ ਤੁਹਾਨੂੰ ਆਪਣੇ ਬਾਰੇ ਜਾਣਕਾਰੀ ਤੱਕ ਪਹੁੰਚ ਕਰਨ ਅਤੇ ਇਸਨੂੰ ਠੀਕ ਕਰਨ ਦੇ ਅਧਿਕਾਰ ਦਿੰਦਾ ਹੈ। ਹੋਰ ਜਾਣਕਾਰੀ ਲਈ www.privacy.org.nz ਵੇਖੋ



## ਕਿਹੜੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਅਤੇ ਇਸਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?

ਇਸ ਸਕ੍ਰੀਨਿੰਗ ਦੇ ਹਿੱਸੇ ਵਜੋਂ, ਪ੍ਰੋਗਰਾਮ ਦੁਆਰਾ ਲੋੜੀਂਦੀ ਜਾਣਕਾਰੀ ਤੁਹਾਡੇ ਸਥਾਨਕ ਹਸਪਤਾਲ ਅਤੇ Health New Zealand | Te Whatu Ora ਦੁਆਰਾ ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਇਕੱਠੀ ਕੀਤੀ ਜਾਂਦੀ ਹੈ।

ਇਕੱਠੀ ਕੀਤੀ ਗਈ ਜਾਣਕਾਰੀ ਵਿੱਚ ਨਾਂ, ਬੱਚੇ ਦੀ ਜਨਮ ਮਿਤੀ, ਸੰਪਰਕ ਵੇਰਵੇ, ਨਸਲ, ਡਾਕਟਰ ਅਤੇ ਹੋਰ ਦੇਖਭਾਲ ਕਰਨ ਵਾਲੇ, ਸੁਣਨ ਸ਼ਕਤੀ ਦੀ ਜਾਂਚ ਦੀ ਜਾਣਕਾਰੀ ਅਤੇ ਨਤੀਜੇ ਸ਼ਾਮਲ ਹਨ। ਇਸਦੀ ਵਰਤੋਂ ਇਹਨਾਂ ਲਈ ਕੀਤੀ ਜਾਂਦੀ ਹੈ:

- ਜਾਂਚ ਕਰੋ ਕਿ ਬੱਚਿਆਂ ਦੀ ਜਾਂਚ ਦੀ ਪੇਸ਼ਕਸ਼ ਕੀਤੀ ਗਈ ਹੈ
- ਪਰਿਵਾਰਕ ਡਾਕਟਰ ਅਤੇ ਹੋਰ ਮੈਟਰਨਿਟੀ ਅਤੇ ਸਿਹਤ ਦੇਖਭਾਲ ਕਰਨ ਵਾਲਿਆਂ ਨੂੰ ਜਾਂਚ ਨਤੀਜੇ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ
- ਜਾਂਚ ਪ੍ਰੋਗਰਾਮ ਦੀ ਨਿਗਰਾਨੀ, ਮੁਲਾਂਕਣ ਅਤੇ ਰਿਪੋਰਟ ਕਰਨ ਲਈ ਕੀਤੀ ਜਾਂਦੀ ਹੈ
- ਮਨੁੱਖੀ ਨੈਤਿਕਤਾ ਕਮੇਟੀ ਦੁਆਰਾ ਪ੍ਰਵਾਨਿਤ ਖੋਜ ਕਰਨ ਲਈ ਕੀਤੀ ਜਾਂਦੀ ਹੈ।

ਇਹ ਜਾਣਕਾਰੀ ਇੱਕ ਦੇਸ਼ ਵਿਆਪੀ ਡੇਟਾ ਸਿਸਟਮ 'ਤੇ ਰੱਖੀ ਗਈ ਹੈ ਅਤੇ ਇਸਨੂੰ ਹੋਰ ਬਾਲ ਸਿਹਤ ਜਾਣਕਾਰੀ ਪ੍ਰੋਗਰਾਮਾਂ ਅਤੇ B4 School Check ਸਮੇਤ Well Child Tamariki Ora ਸੇਵਾਵਾਂ ਨਾਲ ਸਾਂਝਾ ਕੀਤਾ ਜਾ ਸਕਦਾ ਹੈ।

ਜੇਕਰ ਤੁਹਾਡੇ ਬੱਚੇ ਵਿੱਚ ਸੁਣਨ ਸ਼ਕਤੀ ਦੀ ਘਾਟ ਪਾਈ ਜਾਂਦੀ ਹੈ, ਤਾਂ ਇਹ ਜਾਣਕਾਰੀ ਸਿੱਖਿਆ ਮੰਤਰਾਲੇ ਨਾਲ ਸਾਂਝੀ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਨੂੰ ਅਤੇ ਤੁਹਾਡੇ ਬੱਚੇ ਨੂੰ ਸ਼ੁਰੂਆਤੀ ਦਖਲਅੰਦਾਜ਼ੀ ਸੇਵਾਵਾਂ ਦੀ ਪੇਸ਼ਕਸ਼ ਕੀਤੀ ਜਾਵੇ। ਇਹ ਜਾਣਕਾਰੀ ਬੋਲ਼ੇਪਣ ਸੂਚਨਾ ਡੇਟਾਬੇਸ ਨੂੰ ਵੀ ਪ੍ਰਦਾਨ ਕੀਤੀ ਜਾਂਦੀ ਹੈ।

ਕੋਈ ਵੀ ਪ੍ਰਕਾਸ਼ਿਤ ਰਿਪੋਰਟ ਤੁਹਾਡੀ ਜਾਂ ਤੁਹਾਡੇ ਬੱਚੇ ਦੀ ਕਿਸੇ ਵੀ ਤਰ੍ਹਾਂ ਪਛਾਣ ਨਹੀਂ ਕਰਦੀ।

## ਹੋਰ ਜਾਣਕਾਰੀ

ਜੇਕਰ ਤੁਹਾਡੇ ਕੋਈ ਹੋਰ ਸਵਾਲ ਹਨ ਤਾਂ ਕਿਰਪਾ ਕਰਕੇ ਆਪਣੇ ਮੁੱਖ ਮੈਟਰਨਿਟੀ ਕੇਅਰਰ ਜਾਂ ਸੁਣਨ ਦੀ ਜਾਂਚ ਕਰਨ ਵਾਲੇ ਨੂੰ ਦੱਸੋ।

ਸਿਹਤ ਜਾਣਕਾਰੀ ਇਕੱਠੀ ਕਰਨ ਅਤੇ ਸਾਂਝੀ ਕਰਨ ਬਾਰੇ ਵਧੇਰੇ ਜਾਣਕਾਰੀ ਇੱਥੇ ਮਿਲ ਸਕਦੀ ਹੈ https://www.tewhatuora.govt.nz/for-health-professionals/data-and-statistics/nz-health-statistics/data-protection-and-privacy/

Well Child Tamariki Ora ਜਾਂਚਾਂ ਵਿੱਚ ਮਾਪਿਆਂ ਲਈ ਉਨ੍ਹਾਂ ਦੇ ਬੱਚੇ ਦੀ ਸੁਣਨ, ਬੋਲਣ ਅਤੇ ਭਾਸ਼ਾ ਦੀ ਪ੍ਰਗਤੀ ਬਾਰੇ ਸਵਾਲ ਸ਼ਾਮਲ ਹੁੰਦੇ ਹਨ। ਜੇਕਰ ਤੁਹਾਨੂੰ ਆਪਣੇ ਬੱਚੇ ਦੇ ਸੁਣਨ ਜਾਂ ਪ੍ਰਤੀਕਿਰਿਆ ਕਰਨ ਦੇ ਤਰੀਕੇ ਬਾਰੇ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਇਸ ਬਾਰੇ ਆਪਣੀ Well Child ਨਰਸ, ਅਰਲੀ ਚਾਈਲਡਹੁੱਡ ਅਧਿਆਪਕ ਜਾਂ ਆਪਣੇ ਡਾਕਟਰ ਨਾਲ ਚਰਚਾ ਕਰੋ।

*Health New Zealand | Te Whatu Ora ਅਤੇ ਸਿੱਖਿਆ ਮੰਤਰਾਲਾ ਮਿਲ ਕੇ ਯੂਨੀਵਰਸਲ ਨਿਊਬੌਰਨ ਸਕ੍ਰੀਨਿੰਗ ਅਤੇ ਅਰਲੀ ਇੰਟਰਵੈਂਸ਼ਨ ਪ੍ਰੋਗਰਾਮ ਦੀ ਦੇਖ-ਰੇਖ ਅਤੇ ਨਿਗਰਾਨੀ ਕਰਦੇ ਹਨ। ਇਸਦੀ ਸਥਾਪਨਾ ਸੁਣਨ ਸ਼ਕਤੀ ਦੀ ਘਾਟ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਵਹਾਨਉ ਲਈ ਬਿਹਤਰ ਨਤੀਜੇ ਯਕੀਨੀ ਬਣਾਉਣ ਲਈ ਕੀਤੀ ਗਈ ਸੀ। ਨਵਜੰਮੇ ਬੱਚਿਆਂ ਦੀ ਸੁਣਨ ਸ਼ਕਤੀ ਦੀ ਜਾਂਚ ਬਾਰੇ ਹੋਰ ਜਾਣਕਾਰੀ ਲਈ, Health New Zealand | Te Whatu Ora ਵੈੱਬਸਾਈਟ: info.health.nz*

ਇਹ ਸਰੋਤ **healthed.govt.nz** ਜਾਂ ਤੁਹਾਡੇ ਸਥਾਨਕ ਅਧਿਕਾਰਤ ਪ੍ਰਦਾਤਾ ਤੋਂ ਉਪਲਬਧ ਹੈ।

Health New Zealand
Te Whatu Ora

Well Child
Tamariki Ora

Te Tāhuhu o te Mātauranga
Ministry of Education

**Te Kāwanatanga o Aotearoa**
New Zealand Government

June 2026. Code **HE2429-PAN** Punjabi